# MODEL QUESTION PAPER

## ਨਮੂਨੇ ਦਾ ਪ੍ਰਸ਼ਨ ਪੱਤਰ

## Class - 10.th

## PUNJABI

TIME = 3 HOURS — M.M = 80

### SEC = A

ਨੋਟ:- ਪ੍ਰਸ਼ਨ 1 ਤੋਂ 16 ਬਹੁਵਿਕਲਪੀ (MCQ) ਹਨ। ਸਹੀ ਵਿਕਲਪ ਚੁਣ ਕੇ ਇਸਨੂੰ ਉੱਤਰ ਪੱਤਰੀ ਦੀ OMR ਸ਼ੀਟ ਤੇ ਭਰੋ।

1. ਸੂਰਜ ਦੇ ਛਿਪਣ ਨਾਲ ਕੌਣ ਛਿਪ ਜਾਂਦੇ ਹਨ?
A ਤਾਰੇ
B ਪੱਤੇ
C ਪੰਛੀ
D ਰੁੱਖ 1

2. ਦੇਸ਼ ਪਿਆਰ ਦੇ ਕਵੀ ਕੌਣ ਹਨ?
A ਨਾਨਕ ਸਿੰਘ
B ਪ੍ਰੋ· ਮੋਹਨ ਸਿੰਘ
C ਧਨੀ ਰਾਮ ਚਾਤ੍ਰਿਕ
D ਅੰਮ੍ਰਿਤਾ ਪ੍ਰੀਤਮ 1

3. "ਸੁਰਗੀ ਜਿਉੜੇ" ਕਵਿਤਾ ਵਿੱਚ ਪ੍ਰੇਮੀ ਜੋੜੇ ਨੂੰ ਆਪਣਾ ਘਰ ਕਿਵੇਂ ਜਾਪਦਾ ਹੈ?
A ਪਿੰਜਰੇ ਵਰਗਾ
B ਭੂਤ ਬੰਗਲਾ
C ਨਰਕ ਬੰਗਲਾ
D ਸੁਰਗ ਦੇ ਸਮਾਨ 1

4. ਪੂਰਾ ਕਰੋ।
___ ਪਾਣੀ ਦੇ ਵਿੱਚ ਰਲ ਕੇ
ਆਪਾ ਲਈਂ ਨਾ ਗਾਲ।
A ਮਿੱਠੇ
B ਨਮਕੀਨ 1
C ਗਰਮ
D ਗੰਧਲੇ

5. ਬਾਬਾ ਭੁੰਮੇ ਦੀ ਜਾਇਦਾਦ ਕਹਾਣੀ ਦੇ ਕਹਾਣੀਕਾਰ ਕੌਣ ਹਨ?
A ਅੰਮ੍ਰਿਤਾ ਪ੍ਰੀਤਮ
B ਜੋਸ਼ੂਆ ਫ਼ਜ਼ਲਦੀਨ
C ਪ੍ਰੋ. ਪੂਰਨ ਸਿੰਘ
D ਡਾ. ਦਲੀਪ ਕੌਰ ਟਿਵਾਣਾ 1

6. ਮੇਜਰ ਸਾਹਿਬ ਗੱਡੀ ਦੇ ਕਿਸ ਦਰਜੇ ਦੇ ਡੱਬੇ ਵਿੱਚ ਸਨ?
A ਪਹਿਲੇ
B ਦੂਜੇ
C ਤੀਜੇ
D ਚੌਥੇ 1

7. 'ਸੁਰਗੀ ਉਤਰ ਘੁਲਾੜੀ' ਕਹਾਣੀ ਦੇ ਕਹਾਣੀਕਾਰ ਦਾ ਨਾਂ ਦੱਸੋ ?

A ਅੰਮ੍ਰਿਤਾ ਪ੍ਰੀਤਮ
B ਗੁਰਬਖ਼ਸ਼ ਸਿੰਘ
C ਡਾ. ਦਲੀਪ ਕੌਰ ਟਿਵਾਣਾ
D ਜੋਸ਼ੂਆ ਫਜ਼ਲਦੀਨ 1

8. ਸੰਤ ਨੇ ਲਾਲਚੀ ਬੰਦੇ ਨੂੰ ਕਿਸ ਦਿਸ਼ਾ ਵੱਲ ਜਾਣ ਤੋਂ ਮਨ੍ਹਾਂ ਕੀਤਾ ਸੀ?

A ਪੂਰਬ
B ਪੱਛਮ
C ਉੱਤਰ
D ਦੱਖਣ 1

9. ਰੇਣੂਕਾ ਜੀ ਤੀਰਥ ਕਿਸ ਜ਼ਿਲ੍ਹੇ ਵਿੱਚ ਹੈ ?

A ਕਾਂਗੜਾ
B ਚੰਬਾ
C ਸਿਰਮੌਰ 1
D ਊਨਾ

10. ਪੂਰਾ ਕਰੋ।

ਚੰਨਣ ਰੁਖੜੀ ਸਮਝ ਕੇ, ਚੰਨਣ ਰੁਖੜੀ ___ ।

A ਕਾਲ
B ਛਾਲ
C ਚਾਲ
D ਗਾਲ 1

11. ਪੂਰਾ ਕਰੋ।

ਚੀਜ਼ਾਂ ਉੱਪਰ ਮਰਦੇ ਨਹੀਂ ਸਭ ਹੀ ___ ।

A ਚੰਗੀ
B ਬਾਲ
C ਕੀੜੇ 1
D ਮੋਰ

12. ਕਿਸ ਵਿਗਿਆਨੀ ਨੇ ਦੇਗਾਂ ਵਿੱਚੋਂ ਨਿਕਲਦੀ ਭਾਫ਼ ਨਾਲ ਰੇਲਾਂ ਚਲਾ ਕੇ ਦੁਨੀਆਂ ਨੂੰ ਹੈਰਾਨ ਕੀਤਾ ?

A ਨਿਊਟਨ
B ਸੀ. ਵੀ. ਰਮਨ
C ਥੌਮਸ ਐਡੀਸਨ 1
D ਸਟੀਫਨਸਨ

13. ਸਵਾਮੀ ਵਿਵੇਕਾਨੰਦ ਦਾ ਜਨਮ ਕਿਸ ਸ਼ਹਿਰ ਵਿੱਚ ਹੋਇਆ ?

A ਮੁੰਬਈ
B ਕਲਕੱਤਾ
C ਦਿੱਲੀ
D ਹੈਦਰਾਬਾਦ 1

14. ਹਰਨਾਖਸ਼ ਨੇ ਪਰਮਾਤਮਾ ਤੋਂ ਕਿੰਨੇ ਵਰ ਮੰਗੇ?

A ਛੇ
B ਸੱਤ
C ਪੰਜ
D ਅੱਠ

1

15. "ਦੁਨੀਆ ਗਰਕ ਹੋਣ ਤੇ ਆ ਗਈ ਊ" ਕਿਸਨੇ ਕਿਹਾ?

A ਸ਼ਾਮ ਦਾਸ ਨੇ
B ਚੋਦੇ ਭਜਨੀ ਨੇ
C ਪਹਿਲੇ ਸੁਆਣੀ ਨੇ
D ਦੂਜੇ ਸੁਆਣੀ ਨੇ

1

16. ਪੂਰਾ ਕਰੋ।
ਤਾਰਾ ਮੰਡਲ, ___ ਛੋਟੇ ਗ੍ਰਹਿ ਸਦਾ ਤੋਂ ਅਸਮਾਨੀ ਰਫ਼ਤਾਰ ਵਿਚ ਲੱਗੇ ਚੱਲੇ ਜਾਂਦੇ ਹਨ।

A ਸੂਰਜ
B ਧਰੁੱਵ
C ਸ਼ੁੱਕਰ
D ਮੰਗਲ

1

## SEC - B

17. ਹੇਠ ਲਿਖੇ ਸਲੋਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ।
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ।

ਜਾਂ

"ਨਾਲੇ ਨੂੰ" ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ

5

17 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਉ।

18 (i) ਉਹ ਸੋਚਦੀ ਕਹਾਣੀ ਦੇ ਮੁੱਖ ਪਾਤਰ ਦਾ ਕੀ ਨਾਂ ਸੀ?

ਜਾਂ

ਗੱਡੀ ਅੰਮ੍ਰਿਤਸਰ ਤੋਂ ਕਿਸ ਵੱਲ ਆ ਰਹੀ ਸੀ? 2

(ii) ਚਾਚੇ ਜੁੰਮੇ ਦੀ ਸੇਵਾ ਕੌਣ ਕਰਦਾ ਸੀ?

ਜਾਂ

ਰਾਜਵੰਤੀ ਦੇ ਪੁੱਤਰ ਦਾ ਕੀ ਨਾਂ ਸੀ? 2

(iii) ਵਲਗਣ ਦੇ ਅੰਦਰ ਸਾਧੂ ਕੀ ਦੇਖਦਾ ਹੈ?

ਜਾਂ

ਮਾਲੀ ਲੇਖਕ ਨੂੰ ਕੀ ਦਿੰਦਾ ਸੀ? 2

(iv) ਪ੍ਰਹਿਲਾਦ ਦੇ ਪਿਤਾ ਦਾ ਕੀ ਨਾਂ ਸੀ?

ਜਾਂ

ਪਰਸ਼ੂਰਾਮ ਦੀ ਮਾਤਾ ਦਾ ਕੀ ਨਾਂ ਸੀ? 2

(v) ਸਾਧੂ ਸੰਤਾਂ ਦੀ ਸੇਵਾ ਨਾਲ ਕੀ ਮਿਲਦਾ ਹੈ?

ਜਾਂ

ਬੇਬੇ ਰਾਮ ਭਜਨੀ ਕਿਹੋ ਜਿਹੇ ਵਿਚਾਰਾਂ ਵਾਲੀ ਇਸਤਰੀ ਸੀ? 2

ਲਘੂ (ਛੋਟੇ) ਪ੍ਰਸ਼ਨਾਂ ਦੇ ਉੱਤਰ ਦਿਉ।

19 (i) ਸੀਤੀ ਦੀ ਮਾਂ ਸੀਤੀ ਦੀ ਦਾਦੀ ਬਾਰੇ ਕਿਹੋ ਜਿਹੇ ਵਿਚਾਰ ਰੱਖਦੀ ਸੀ?

ਜਾਂ

ਮੁੰਨੀ ਨੂੰ ਰੋਟੀ ਨਾਲ ਮੋਹ ਕਿਉਂ ਸੀ? 4

(ii) ਇਸਤਰੀ ਜਾਤੀ ਬਾਰੇ ਸਵਾਮੀ ਜੀ ਦੇ ਕੀ ਵਿਚਾਰ ਸਨ?

ਜਾਂ

ਸਮਾਜ ਦੇ ਅਰਥ ਤੋਂ ਕੀ ਭਾਵ ਹੈ? 4

(iii) ਲਾਲਚੀ ਚੇਲੇ ਨੇ ਸੰਤਾਂ ਦੇ ਬਚਨਾਂ ਦੀ ਅਵੱਗਿਆ ਕਿਉਂ ਕੀਤੀ?

ਜਾਂ

ਸ੍ਰੀ ਰੇਣੁਕਾ ਜੀ ਝੀਲ ਦੇ ਕਿਨਾਰੇ ਸਥਿਤ ਆਸ਼ਰਮਾਂ ਦੇ ਨਾਂ ਦੱਸੋ? 4

20. ਦੀਰਘ (ਵੱਡੇ) ਪ੍ਰਸ਼ਨਾਂ ਦੇ ਉੱਤਰ ਦਿਉ।

(i) ਸ੍ਰੀ ਰੇਣੂਕਾ ਜੀ ਝੀਲ ਦਾ ਨਜ਼ਾਰਾ ਆਪਣੇ ਸ਼ਬਦਾਂ ਵਿਚ ਲਿਖੋ।

20 ਜਾਂ

ਚੋਖੇ ਰਾਮ ਭਜਨੀ ਇਕਾਂਗੀ ਵਿੱਚ ਆਏ ਪਾਤਰ ਸ਼ਾਮ ਦਾਸ ਦੇ ਸੁਭਾਅ ਦੇ ਔਗੁਣ ਆਪਣੇ ਸ਼ਬਦਾਂ ਵਿਚ ਲਿਖੋ।

ਜਾਂ

ਤੁਲਣ ਤੇ ਨਿਗੁਣੀਆਂ ਵਸਤੂਆਂ ਦੀ ਮਹੱਤਤਾ ਸਪੱਸ਼ਟ ਕਰਨ ਲਈ ਲੇਖਕ ਨੇ ਜੋ ਉਦਾਹਰਨਾਂ ਦਿੱਤੀਆਂ ਹਨ, ਉਹ ਆਪਣੇ ਸ਼ਬਦਾਂ ਵਿੱਚ ਲਿਖੋ। 6

## SEC = C

21 ਕੋਈ ਇੱਕ ਵਿਸ਼ੇ ਤੇ ਲੇਖ ਲਿਖੋ।

(i) ਦੀਵਾਲੀ


(ii) ਬਿਜਲੀ ਦੀ ਬੱਚਤ

(iii) ਸ੍ਰੀ ਗੁਰੂ ਨਾਨਕ ਦੇਵ ਜੀ

(iv) ਮਨੁੱਖ ਅਤੇ ਵਿਗਿਆਨ 6

22 ਦਿੱਤੀ ਗਈ ਤਸਵੀਰ ਅਤੇ ਸ਼ਬਦਾਂ ਦੀ ਵਰਤੋਂ ਨਾਲ ਕਹਾਣੀ ਨੂੰ ਪੂਰਾ ਕਰੋ।

ਸ਼ਬਦ:- ਰੋਟੀ, ਜਲਦੀ, ਪਾਈ, ਮੂੰਹ, ਗੱਲ, ਲੂੰਬੜੀ, ਆਵਾਜ਼, ਜੰਗਲ, ਦਰਖਤ, ਭੁੱਖੀ



ਚਲਾਕ ਲੂੰਬੜੀ

ਇੱਕ ਵਾਰ ਦੀ ___ ਹੈ। ਇੱਕ ___ ਭੁੱਖੀ ਸੀ। ਉਹ ___ ਵੱਲ ਜਾ ਰਹੀ ਸੀ। ਉਸਨੇ ___ ਉੱਤੇ ਕਾਂ ਬੈਠਿਆ ਦੇਖਿਆ। ਉਸਨੂੰ ਚਲਾਕੀ ___। ਕਾਂ ਦੇ ਮੂੰਹ ਵਿਚ ਇੱਕ ___ ਦਾ ਟੁਕੜਾ ਸੀ। ਲੂੰਬੜੀ ਦੇ ਮੂੰਹ ਵਿਚ ___ ਆ ਗਿਆ। ਉਸਨੇ ਕਾਂ ਨੂੰ ਕਿਹਾ ਕਾਂ, ਰਾਜਾ ਤੇਰੀ ___ ਬੜੀ ਮਿੱਠੀ ਹੈ। ਕੋਈ ਗਾਣਾ ਸੁਣਾ। ਖੁਸ਼ ਹੋ ਕੇ ਕਾਂ ਨੇ ਗਾਣਾ ਗਾਉਣ ਲਈ ਜਦੋਂ ___ ਖੋਲ੍ਹਿਆ ਤਾਂ ਰੋਟੀ ਦਾ ਟੁਕੜਾ ਹੇਠਾਂ ਡਿੱਗ ਪਿਆ। ਲੂੰਬੜੀ ਨੇ ਝੱਟ ਟੁਕੜਾ ਚੁੱਕ ਲਿਆ ਤੇ ਕਿਹਾ ਮੈਨੂੰ ਬੜੀ ___ ਹੈ, ਮੈਂ ਫੇਰ ਗਾਣਾ ਸੁਣਾਂਗੀ

23

(i) ਕੋਈ ਦੋ ਅਗੇਤਰਾਂ ਨਾਲ ਬਣਦੇ ਦੋ-ਦੋ ਸ਼ਬਦ ਲਿਖੋ।

ਪਰ, ਹਮ, ਖੁਸ਼, ਬੇ

23 ਕੋਈ ਦੋ ਪਿਛੇਤਰਾਂ ਨਾਲ ਬਣਦੇ ਦੋ-ਦੋ ਸ਼ਬਦ ਲਿਖੋ। 2

ਮਤਾਨ, ਸ਼ਾਲਾ, ਕਾਰ, ਖਾਨ

(ii) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ। (ਕੋਈ ਦੋ)

ਜੋ ਕੰਮ ਕਰਦਿਆਂ ਅੱਕੇ ਥੱਕੇ ਨਾ

ਘਰ ਵਿਚੋਂ ਪੈਦਾ ਹੋਈ ਪਹਿਲੀ ਔਲਾਦ

ਜੋ ਸਹਿਣਾ ਔਖਾ ਹੋਵੇ 2

ਆਪਣੇ ਜੀਵਨ ਦੀ ਆਪ ਲਿਖੀ ਹੋਈ ਕਥਾ

(iii) ਵਿਰੋਧੀ ਸ਼ਬਦ ਲਿਖੋ। (ਕੋਈ ਦੋ)

ਉਚ, ਆਪਣਾ, ਅਹਿੰਸਾ, ਦਿਨ 2

(iv) ਵਾਕਾਂ ਨੂੰ ਸ਼ੁੱਧ ਕਰੋ। (ਕੋਈ ਦੋ)

ਤੁਸੀਂ ਦਾ ਘਰ ਵੱਡਾ ਹੈ।

ਅਸੀਂ ਖੇਡ ਲਿਆ ਹੋਵਾਂਗਾ। 2

ਵਾਹ! ਪਹਾੜੀਆਂ ਬਰਫ਼ ਉੱਤੇ ਕਿੰਨੀਆਂ ਸੋਹਣੀਆਂ ਲੱਗਦੀਆਂ ਹਨ।

ਪੈਨ ਨਵੇਂ ਹਨ ਪਰ ਕਾਪੀਆਂ ਪੁਰਾਣੇ ਹਨ।

ਕਿਸੇ ਦੋ ਸ਼ਬਦਾਂ ਦੇ ਲਿੰਗ-ਬਦਲੋ

(v) ਸਮਾਨਾਰਥਕ ਸ਼ਬਦ ਲਿਖੋ। (ਕੋਈ ਦੋ) 2

ਸਾਫ਼, ਗਗਨ, ਦੋਸਤੀ, ਸੀਤਕਾਲ

(vi) ਹੇਠ ਲਿਖੇ ਸ਼ਬਦਾਂ ਨੂੰ ਇਸ ਤਰਾਂ ਵਾਕਾਂ ਵਿਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ। (ਕੋਈ ਇੱਕ)

ਤੱਕੜੀ - ਤਕੜੀ, ਦਿਲੀ - ਦਿੱਲੀ, ਕੁਲ - ਕੁੱਲ। 2

24 ਹੇਠਾਂ ਦਿੱਤੇ ਗਏ ਪੈਰ੍ਹੇ ਨੂੰ ਪੜ੍ਹ ਕੇ ਉੱਤਰ ਦਿਓ।

24 ਗਿਰੀ ਨਦੀ ਦਾ ਲੋਹਾ ਪੁਲ ਪਾਰ ਕਰਕੇ ਸੈਲਾਨੀ ਸ੍ਰੀ ਰੇਣੂਕਾ ਜੀ ਦੇ ਪਵਿੱਤਰ ਸਥਾਨ ਉੱਪਰ ਪ੍ਰਵੇਸ਼ ਕਰਦੇ ਹਨ। ਸੜਕ ਦੇ ਖੱਬੇ ਪਾਸੇ ਸ੍ਰੀ ਪਰਸ਼ੂ ਰਾਮ ਜੀ ਦੇ ਪੁਰਾਣੇ ਮੰਦਰ ਦਾ ਦੁਆਰ ਦਿਖਾਈ ਦਿੰਦਾ ਹੈ। ਜਿਸਨੂੰ ਨਾਹਨ ਦੇ ਮਹਾਰਾਜਾ ਸੁਰੇਂਦਰ ਵਿਕਰਮ ਪ੍ਰਕਾਸ਼ ਨੇ ਬਣਵਾਇਆ ਸੀ। ਦਰਵਾਜ਼ੇ ਦੇ ਨਾਲ ਹੀ ਮੰਦਰ ਜਾਣ ਨੂੰ ਪੌੜੀਆਂ ਸ਼ੁਰੂ ਹੋ ਜਾਂਦੀਆਂ ਹਨ।

(i) ਗਿਰੀ ਨਦੀ ਦਾ ਲੋਹਾ ਪੁਲ ਪਾਰ ਕਰਕੇ ਸੈਲਾਨੀ ਕਿੱਥੇ ਪ੍ਰਵੇਸ਼ ਕਰਦੇ ਹਨ?

(ii) ਸੜਕ ਦੇ ਖੱਬੇ ਪਾਸੇ ਕਿਸ ਮੰਦਰ ਦਾ ਦੁਆਰ ਦਿਖਾਈ ਦਿੰਦਾ ਹੈ?

(iii) ਸ੍ਰੀ ਪਰਸ਼ੂ ਰਾਮ ਜੀ ਦਾ ਪੁਰਾਣਾ ਮੰਦਰ ਕਿਸ ਨੇ ਬਣਵਾਇਆ ਸੀ?

(iv) ਦਰਵਾਜ਼ੇ ਦੇ ਨਾਲ ਕਿੱਥੇ ਜਾਣ ਨੂੰ ਪੌੜੀਆਂ ਸ਼ੁਰੂ ਹੋ ਜਾਂਦੀਆਂ ਹਨ? 4

25. ਸੰਖੇਪ ਰਚਨਾ (ਪ੍ਰੈਸੀ ਕਰੋ) ਢੁੱਕਵਾਂ ਸਿਰਲੇਖ ਦਿਓ।

ਭਾਰਤ ਇੱਕ ਵਿਸ਼ਾਲ ਦੇਸ਼ ਹੈ। ਸੱਭਿਆਚਾਰਕ ਤੌਰ ਤੇ ਭਾਵੇਂ ਸਾਡਾ ਦੇਸ਼ ਇੱਕ ਮੁੱਠ ਹੈ ਪਰ ਹਾਲੀਂ ਅਸੀਂ ਉਹ ਬੰਧਨ ਪੱਕੇ ਕਰਨੇ ਹਨ ਜੋ ਇਸ ਨੂੰ ਇੱਕ ਸ਼ਕਤੀਸ਼ਾਲੀ ਅਤੇ ਉੱਨਤ ਰਾਸ਼ਟਰ ਬਣਾ ਸਕਣਗੇ। ਸਾਡੇ ਦੇਸ਼ ਵਿੱਚ ਅਨੇਕਾਂ ਭਾਸ਼ਾਵਾਂ ਹਨ। ਏਨੀਆਂ ਭਾਸ਼ਾਵਾਂ ਸ਼ਾਇਦ ਦੁਨੀਆਂ ਦੇ ਹੋਰ ਕਿਸੇ ਦੇਸ਼ ਵਿੱਚ ਨਹੀਂ ਹਨ। ਪਰ ਮੰਦੇ ਭਾਗਾਂ ਨੂੰ ਅਸੀਂ ਆਪਣੀ ਗੁਆਂਢੀ ਭਾਸ਼ਾ ਅਥਵਾ ਭਾਸ਼ਾਵਾਂ ਵਿੱਚ ਬੜੀ ਘੱਟ ਦਿਲਚਸਪੀ ਲੈਂਦੇ ਹਾਂ ਇਸ ਲਈ ਸਾਨੂੰ ਉਨ੍ਹਾਂ ਦੇ ਅਨਮੋਲ ਭੰਡਾਰਾਂ ਦਾ ਗਿਆਨ ਨਹੀਂ ਹੁੰਦਾ। ਇਸਦੇ ਮੁਕਾਬਲੇ ਅਸੀਂ ਅੰਗਰੇਜ਼ੀ, ਫ਼ਰਾਂਸੀਸੀ ਅਤੇ ਜਰਮਨ ਆਦਿ ਭਾਸ਼ਾਵਾਂ ਦੇ ਸਾਹਿਤ ਤੇ ਯੂਰਪੀਨ ਸੱਭਿਆਚਾਰਾਂ ਤੋਂ ਵਧੇਰੇ ਚੰਗੀ ਤਰ੍ਹਾਂ ਜਾਣੂ ਹਾਂ। ਦੇਸ਼ ਦੇ ਭਾਵਕ ਅਤੇ ਸੱਭਿਆਚਾਰਕ ਸੰਗਠਨ ਲਈ ਬੜਾ ਜ਼ਰੂਰੀ ਹੈ ਕਿ ਦੇਸ਼ ਦੇ ਨਾਗਰਿਕ ਦੇਸ਼ ਦੀਆਂ ਦੂਜੀਆਂ ਭਾਸ਼ਾਵਾਂ ਨਾਲ ਸੰਬੰਧਿਤ ਦੇਸ਼ ਵਾਸੀਆਂ ਦੇ ਜੀਵਨ ਢੰਗ ਅਤੇ ਉਹਨਾਂ ਦੀਆਂ ਸਾਹਿਤਕ ਪ੍ਰਾਪਤੀਆਂ ਦਾ ਗਿਆਨ ਹਾਸਲ ਕਰ ਸਕਣ। 4

# Format of Design (Language Subjects)

## Question Paper/Test

Subject: PUNJABI
Unit/Paper:
Class: MATRIC
Time: 3 HOURS
Marks;

### *Weightage to Objectives*

| Objective | Knowledge of language elements | Comprehension | Expression | Appreciation | Total |
|---|---|---|---|---|---|
| Percentage of Marks | 25% | 25% | 25% | 25% | 100 % |
| Marks | 4 | 4 | 4 | 4 | 16 |

### *Weightage to form of question:*

| Forms of Questions | E/LA 5, 6 (2)+(2) | SA (4) | VSA (2) | O (MCQ) (1) | Total |
|---|---|---|---|---|---|
| No. Of Questions | 4 | 5 | 11 | 16 | 36 |
| Marks allotted | 22 | 20 | 22 | 16 | 80 |
| Estimated time | 60 MINS | 60 MINS | 30 MINS | 30 MINS | 3.00 HRS |

### *Weightage to Major Content Areas:*

| S.No. | Unit/Sub-Units | Marks |
|---|---|---|
| 1. | SEC - A | 16 |
| 2. | SEC - B | 33 |
| 3. | SEC - C | 23 |
| 4. | SEC - D | 08 |
| 5. | | |
| 6. | | |
| Total | | 80 |

Schemes of Sections
Pattern of Options

| U | UNDERSTANDING |
|---|---|
| K | KNOWLEDGE |
| C | CREATION |
| A | APPLICATION |
| E | EVALUATION |

## Proforma for Analysing Question Papers

### Part I: General Information

1. Name of the Board: H.P. BOSE DHARMSHALA
2. Name of Examination: MATRIC PUNJABI
3. Year of Examination: 2026 – 2027
4. Class: MATRIC
5. Subject: PUNJABI
6. Question Paper Number:
7. Maximum Marks: 80
8. Time Allotted: 3 HOURS
9. Sections, if any: 4

### Part -II (A): General Item General Analysis of Question of a Question Pa

| S.no. | Objective | Specification Content | Unit/Sub-Unit No. | Form of Question L.NO | Marks Allotted | Estimated time (min) |
|---|---|---|---|---|---|---|
| SEC A | AN | ਕਵਿਤਾ | MCQ | 1, 2, 3, 4 | 2 | 4 MIN |
| | K | ਮਲੇਰ | MCQ | 5.6, 7, 8 | 2 | 4 MIN |
| | E | ਕਹਾਣੀ | MCQ | 9, 10, 11 | 2 | 4 MIN |
| | U | ਕਹਾਣੀ | MCQ | 12, 19, 20 | 3 | 5 MIN |
| | A | ਲੇਖ | MCQ | 14.15.16, 21 | 3 | 5 MIN |
| | K | ਆਤਮ ਕਥਾ | MCQ | 13, 17 | 2 | 4 MIN |
| | C | ਇਕਾਂਗੀ | MCQ | 18 | 2 | 4 MIN |
| SEC B | K | ਪ੍ਰਸੰਗ ਸਹਿਤ ਵਿਆਖਿਆ/ਕਾਵਿ | L.A | 1 — 8 | 5 | 15 MIN |
| | U | ਕਹਾਣੀ | VSA | 9, 10, 14 | 2 | 2 MIN |
| | A | ਕਹਾਣੀ, ਲੇਖ, ਜੀਵਨੀ | VSA | 11, 12, 13 | 2 | 2 MIN |
| | C | - | VSA | 15, 21 | 2 | 2 MIN |
| | U | " | VSA | 16, 17, 19 | 2 | 3 MIN |
| | K | " | VSA | 18, 20 | 2 | 2 MIN |
| | U | " | SA | 9, 10, 11 | 4 | 12 MIN |
| | K | " | SA | 12, 13, 17 | 4 | 12 MIN |
| | A | " | SA | 19, 20, 21 | 4 | 12 MIN |
| | C | ਲੇਖ, ਇਕਾਂਗੀ | LA | 16, 18, 21 | 6 | 15 MIN |
| SEC C | AN | ਲੇਖ - ਰਚਨਾ | L.A | | 6 | 15 MIN |
| | C | ਕਹਾਣੀ | L.A | | 5 | 15 MIN |
| | U | ਅਗੇਤਰ ਪਿਛੇਤਰ | VSA | | 2 | 2 MIN |
| | K | ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ | VSA | ਵਿਆਕਰਣ | 2 | 2 MIN |
| | U | ਵਿਰੋਧੀ ਸ਼ਬਦ | VSA | | 2 | 2 MIN |
| | K | ਵਾਕ ਸ਼ੁੱਧ ਕਰੋ | VSA | | 2 | 2 MIN |
| | K | ਸਮਾਨਾਰਥਕ ਸ਼ਬਦ | VSA | | 2 | 2 MIN |
| | C | ਵਾਕ ਬਣਾਓ | V.SA | | 2 | 3 min |